ਉੱਚੀਆਂ ਇਮਾਰਤਾਂ ਬਾਰੇ ਨੀਤੀ ਦੀ ਸਮੀਖਿਆ
ਪ੍ਰਦਰਸ਼ਤਿ ਦਸਤਾਵੇਜ਼ ਦਾ ਅਨੁਵਾਦਤਿ ਸਾਰ

ਪੰਜਾਬੀ
Punjabi

ਸੰਖੇਪ ਜਾਣਕਾਰੀ

ਵੈਨਕੂਵਰ ਸਟਿੀ ਉੱਚੀਆਂ ਇਮਾਰਤਾਂ ਬਾਰੇ ਨੀਤੀ ਦੀ ਸਮੀਖਿਆ ਕਰ ਰਹੀ ਹੈ, ਜੋ ਡਾਊਨਟਾਊਨ ਵੱਚਿ ਉਹਨਾਂ ਇਮਾਰਤਾਂ ਲਈ ਮਾਰਗਦਰਸ਼ਨ ਮੁਹੱਈਆ ਕਰਦੀ ਹੈ ਜੋ ਆਪਣੀ ਜ਼ੋਨਬੱਧ (ਇਜਾਜ਼ਤ ਦੱਤੀ) ਉਚਾਈ ਨੂੰ ਕਾਫ਼ੀ ਜ਼ਆਿਦਾ ਪਾਰ ਕਰਦੀਆਂ ਹਨ। ਇਹ ਸਮੀਖਿਆ ਇਸ ਗੱਲ 'ਤੇ ਵਚਿਾਰ ਕਰਦੀ ਹੈ ਕਿ ਡਾਊਨਟਾਊਨ ਵੈਨਕੂਵਰ ਦੇ ਮੁੱਖ ਖੇਤਰਾਂ ਵੱਚਿ ਉੱਚੀਆਂ ਇਮਾਰਤਾਂ ਉਹਨਾਂ ਵਸ਼ਿੇਸ਼ਤਾਵਾਂ ਦੀ ਰੱਖਿਆ ਕਰਦੇ ਹੋਏ ਜਨ੍ਹਿਾਂ ਨੂੰ ਲੋਕ ਸਾਡੇ ਸ਼ਹਰਿ ਬਾਰੇ ਸਭ ਤੋਂ ਵੱਧ ਮਹੱਤਵ ਦੰਦੇ ਹਨ, ਜਨਤਕ ਰਹਾਇਸ਼, ਨੌਕਰੀਆਂ, ਅਤੇ ਸਹੂਲਤਾਂ ਵਰਗੇ ਲਾਭ ਕਵਿੇਂ ਪ੍ਰਦਾਨ ਕਰ ਸਕਦੀਆਂ ਹਨ ਅਤੇ ਗ੍ਰੈਨਵਲਿ ਸਟ੍ਰੀਟ ਪਲਾਨ ਵਰਗੀਆਂ ਸਟਿੀ ਦੀਆਂ ਪਹਲਿਕਦਮੀਆਂ ਨੂੰ ਕਵਿੇਂ ਅੱਗੇ ਵਧਾ ਸਕਦੀਆਂ ਹਨ। ਸੁਰੱਖਅਿਤ ਜਨਤਕ ਦ੍ਰਸ਼ਿਾਂ ਨੂੰ ਬਰਕਰਾਰ ਰੱਖਿਆ ਜਾਵੇਗਾ ਅਤੇ ਉਹਨਾਂ 'ਤੇ ਇਸ ਨੀਤੀ ਸਮੀਖਿਆ ਦਾ ਅਸਰ ਨਹੀਂ ਪਵੇਗਾ।

ਜਨਤਕ ਸ਼ਮੂਲੀਅਤ ਦੇ ਸ਼ੁਰੂਆਤੀ ਪੜਾਅ ਦਾ ਟੀਚਾ ਡਾਊਨਟਾਊਨ ਵੈਨਕੂਵਰ ਵੱਚਿ ਉੱਚੀਆਂ ਇਮਾਰਤਾਂ ਦੇ ਭਵੱਖਿ ਲਈ ਵਚਿਾਰਾਂ, ਦ੍ਰਸ਼ਿਟੀਕੋਣਾਂ ਅਤੇ ਇੱਛਾਵਾਂ ਨੂੰ ਇਕੱਠਾ ਕਰਨਾ ਹੈ।

ਜਨਤਕ ਰਾਏ ਭਵੱਖਿ ਦੇ ਨੀਤੀ ਵਕਿਲਪਾਂ ਅਤੇ ਅਗਾਮੀ ਅੰਤਰਰਾਸ਼ਟਰੀ ਡਜ਼ਿਾਈਨ ਵਚਿਾਰ ਮੁਕਾਬਲੇ ਦੇ ਸੰਖੇਪ ਨੂੰ ਆਕਾਰ ਦੇਣ ਵੱਚਿ ਮਦਦ ਕਰੇਗੀ।

ਸਟਿੀ ਹੁਣ ਉੱਚੀਆਂ ਇਮਾਰਤਾਂ ਬਾਰੇ ਨੀਤੀ ਦੀ ਸਮੀਖਿਆ ਕਉਿ ਕਰ ਰਹੀ ਹੈ?

ਮੌਜੂਦਾ ਉੱਚੀਆਂ ਇਮਾਰਤਾਂ ਬਾਰੇ ਨੀਤੀ 1997 ਵੱਚਿ ਬਣਾਈ ਗਈ ਸੀ, ਅਤੇ ਉਸ ਤੋਂ ਬਾਅਦ ਸਰਫਿ ਮਾਮੂਲੀ ਤਬਦੀਲੀਆਂ ਕੀਤੀਆਂ ਗਈਆਂ ਹਨ (ਸਭ ਤੋਂ ਤਾਜ਼ਾ ਵੱਡਾ ਅੱਪਡੇਟ 2011 ਵੱਚਿ ਹੋਇਆ ਸੀ)। ਸਮੇਂ ਦੇ ਨਾਲ ਵੈਨਕੂਵਰ ਕਾਫੀ ਜ਼ਆਿਦਾ ਵਧਆਿ ਅਤੇ ਬਦਲਆਿ ਹੈ। ਸਟਿੀ ਹੁਣ ਇਹ ਯਕੀਨੀ ਬਣਾਉਣ ਲਈ ਨੀਤੀ ਦੀ ਸਮੀਖਿਆ ਕਰ ਰਹੀ ਹੈ ਕਿ ਇਹ ਮੌਜੂਦਾ ਲੋੜਾਂ ਅਤੇ ਤਰਜੀਹਾਂ ਨੂੰ ਦਰਸਾਏ, ਅਤੇ ਭਵੱਖਿ ਦੇ ਵਕਿਾਸ ਪ੍ਰਸਤਾਵਾਂ ਲਈ ਸਪੱਸ਼ਟ, ਨਵੀਨਤਮ ਮਾਰਗਦਰਸ਼ਨ ਮੁਹੱਈਆ ਕਰੇ।

ਸਟਿੀ ਕਾਉਂਸਲਿ ਦੇ ਹਾਲੀਆ ਫੈਸਲਆਿਂ ਨੇ ਵੀ ਨਵੇਂ ਮੌਕੇ ਪੈਦਾ ਕੀਤੇ ਹਨ:

- ਜਨਤਕ ਦ੍ਰਸ਼ਿ ਨੀਤੀ ਵੱਚਿ ਅੱਪਡੇਟਾਂ (2024) ਨੇ ਅਜਹਿੇ ਨਵੇਂ ਖੇਤਰ ਖੋਲ੍ਹੇ ਜੱਥਿੇ ਉਚਾਈ ਸੰਭਵ ਹੋ ਸਕਦੀ ਹੈ। ਸੁਰੱਖਅਿਤ



ਜਨਤਕ ਦ੍ਰਸ਼ਿਾਂ ਨੂੰ ਬਰਕਰਾਰ ਰੱਖਿਆ ਜਾਵੇਗਾ ਅਤੇ ਇਸ ਕੰਮ ਦੇ ਹੱਸਿੇ ਵਜੋਂ ਉਹਨਾਂ ਦੀ ਸਮੀਖਿਆ ਨਹੀਂ ਕੀਤੀ ਜਾਵੇਗੀ।

- ਗ੍ਰੈਨਵਲਿ ਸਟ੍ਰੀਟ ਪਲਾਨ (2025) ਨੇ ਸਟਾਫ਼ ਨੂੰ ਸਟਿੀ ਸੈਂਟਰ ਵੱਚਿ ਉੱਚੀਆਂ ਇਮਾਰਤਾਂ ਲਈ ਮੌਕਆਿਂ ਦੀ ਪੜਚੋਲ ਕਰਨ ਦਾ ਨਰਿਦੇਸ਼ ਦੱਤਾ।

ਇਹ ਸਮੀਖਿਆ ਕਸਿੇ ਖਾਸ ਅਰਜ਼ੀ ਬਾਰੇ ਨਹੀਂ ਹੈ। ਇਹ ਵਆਿਪਕ ਸਵਾਲਾਂ ਦੀ ਪੜਚੋਲ ਕਰਦੀ ਹੈ ਕਿ ਜ਼ਆਿਦਾ ਉਚਾਈ ਕੱਥਿੇ ਢੁਕਵੀਂ ਹੋ ਸਕਦੀ ਹੈ, ਅਤੇ ਕਸਿ ਤਰ੍ਹਾਂ ਦੇ ਜਨਤਕ ਲਾਭ ਮਹੱਤਵਪੂਰਨ ਹਨ।

ਉੱਚੀਆਂ ਇਮਾਰਤਾਂ ਦੇ ਮੌਕੇ ਅਤੇ ਚੁਣੌਤੀਆਂ

ਸੰਭਾਵੀ ਫਾਇਦੇ

ਜੇ ਧਆਿਨ ਨਾਲ ਯੋਜਨਾ ਬਣਾਈ ਜਾਵੇ ਅਤੇ ਚੰਗੀ ਤਰ੍ਹਾਂ ਡਜ਼ਿਾਈਨ ਕੀਤੀਆਂ ਜਾਣ, ਤਾਂ ਉੱਚੀਆਂ ਇਮਾਰਤਾਂ ਮਹੱਤਵਪੂਰਨ ਮੁੱਲ ਪੈਦਾ ਕਰ ਸਕਦੀਆਂ ਹਨ, ਜਨ੍ਹਿਾਂ ਵੱਚਿ ਸ਼ਾਮਲ ਹਨ:

- ਮੌਜੂਦਾ ਬੁਨਆਿਦੀ ਢਾਂਚੇ ਦੇ ਨੇੜੇ ਵਧੇਰੇ ਘਰ ਅਤੇ ਨੌਕਰੀਆਂ

CITY OF VANCOUVER | Higher Buildings Policy Review

ਜੋੜਨੀਆਂ

- ਵਿਕਾਸ ਯੋਗਦਾਨਾਂ ਰਾਹੀਂ ਪਾਰਕਾਂ, ਬੱਚਿਆਂ ਦੀ ਦੇਖਭਾਲ, ਅਤੇ ਸੱਭਿਆਚਾਰਕ ਸਥਾਨਾਂ ਵਰਗੇ ਜਨਤਕ ਲਾਭਾਂ ਲਈ ਭੁਗਤਾਨ ਕਰਨ ਵਿੱਚ ਮਦਦ ਕਰਨੀ
- ਰੋਜ਼ਾਨਾ ਆਵਾਜਾਈ ਦੀ ਵਰਤੋਂ ਦਾ ਸਮਰਥਨ ਕਰਨਾ ਅਤੇ ਕਾਰਾਂ 'ਤੇ ਨਰਿਭਰਤਾ ਨੂੰ ਘਟਾਉਣਾ
- ਜੀਵੰਤ ਗਲੀਆਂ ਅਤੇ ਜਨਤਕ ਥਾਵਾਂ ਬਣਾਉਣੀਆਂ
- ਇਮਾਰਤਾਂ ਦੀ ਦੱਸਿਹੱਦਾ (ਸਕਾਈਲਾਈਨ) ਵਿੱਚ ਵਿਵਿਧਤਾ ਅਤੇ ਦਲਿਚਸਪੀ ਨੂੰ ਜੋੜਨਾ

ਉੱਚੀਆਂ ਇਮਾਰਤਾਂ ਵਿਕਾਸ ਸੰਬੰਧੀ ਯੋਗਦਾਨ ਵੀ ਪੈਦਾ ਕਰਦੀਆਂ ਹਨ ਜਸਿ ਨੂੰ ਜਨਤਕ ਲਾਭਾਂ ਵਿੱਚ ਨਵਿੇਸ਼ ਕੀਤਾ ਜਾ ਸਕਦਾ ਹੈ।

ਜਨਤਕ ਲਾਭਾਂ ਵਿੱਚ ਬਹੁਤ ਜ਼ਆਿਦਾ ਰਹਣਿ ਯੋਗ ਸ਼ਹਰਿ ਲਈ ਜ਼ਰੂਰੀ ਚੀਜ਼ਾਂ ਸ਼ਾਮਲ ਹਨ ਅਤੇ ਇਹਨਾਂ ਵਿੱਚ ਪਾਰਕ ਅਤੇ ਜਨਤਕ ਖੁੱਲ੍ਹੀਆਂ ਥਾਵਾਂ, ਭਾਈਚਾਰਕ ਕੇਂਦਰ, ਆਈਸ ਰਿੰਕ ਅਤੇ ਸਵੀਮਿੰਗ ਪੂਲ, ਸਮਾਜਕਿ ਸਹੂਲਤਾਂ, ਬੱਚਿਆਂ ਦੀ ਦੇਖਭਾਲ, ਵਰਿਾਸਤੀ ਸੰਭਾਲ, ਰੋਜ਼ਾਨਾ ਆਵਾਜਾਈ ਦੇ ਸਾਧਨਾਂ ਵਿੱਚ ਸੁਧਾਰ, ਸਮੁੰਦਰੀ ਕੰਧਾਂ ਅਤੇ ਗ੍ਰੀਨਵੇਅ, ਪੁਲਸਿ ਸਟੇਸ਼ਨ ਅਤੇ ਫਾਇਰਹਾਲ, ਕਲਾ ਅਤੇ ਸੱਭਿਆਚਾਰਕ ਸਹੂਲਤਾਂ, ਅਤੇ ਸਮਾਜਕਿ ਜਾਂ ਗੈਰ-ਮਾਰਕੀਟ ਰਹਿਾਇਸ਼ ਅਤੇ ਨਾਲ ਹੀ ਹੋਰ ਨਾਗਰਕਿ ਬੁਨਆਿਦੀ ਢਾਂਚੇ ਅਤੇ ਨਵਿੇਸ਼ ਸ਼ਾਮਲ ਹੋ ਸਕਦੇ ਹਨ।

ਸੰਭਾਵੀ ਚੁਣੌਤੀਆਂ

ਜੇ ਧਆਿਨ ਨਾਲ ਯੋਜਨਾ ਬਣਾਏ ਅਤੇ ਮਜ਼ਬੂਤ ਨੀਤੀ ਨਰਿਦੇਸ਼ ਦੇ ਬਨਿਾਂ ਉੱਚੀਆਂ ਇਮਾਰਤਾਂ ਦੀ ਇਜਾਜ਼ਤ ਦੱਤੀ ਜਾਂਦੀ ਹੈ, ਤਾਂ ਉਹ:

- ਬੁਨਆਿਦੀ ਢਾਂਚੇ ਜਵਿੇਂ ਕਿ ਪਾਣੀ, ਆਵਾਜਾਈ, ਅਤੇ ਐਮਰਜੈਂਸੀ ਸੇਵਾਵਾਂ ਨੂੰ ਓਵਰਲੋਡ ਕਰ ਸਕਦੀਆਂ ਹਨ
- ਲਗਜ਼ਰੀ ਰਹਿਾਇਸ਼ ਜਾਂ ਉੱਚ ਪੱਧਰੀ ਆਫਸਿ ਸਥਾਨਾਂ 'ਤੇ ਧਆਿਨ ਕੇਂਦ੍ਰਤਿ ਕਰਕੇ ਹੋਰ ਅਸਮਾਨਤਾ ਲਆਿ ਸਕਦੀਆਂ ਹਨ
- ਸੜਕ ਦੇ ਪੱਧਰ 'ਤੇ ਪਰਛਾਵੇਂ ਅਤੇ ਹਵਾ ਨੂੰ ਵਧਾ ਸਕਦੀਆਂ ਹਨ
- ਆਂਢ-ਗੁਆਂਢ ਦੇ ਚਰੱਤਿਰ ਨੂੰ ਪ੍ਰਭਾਵਤਿ ਕਰ ਸਕਦੀਆਂ ਹਨ
- ਵਾਤਾਵਰਣ ਅਤੇ ਊਰਜਾ ਸੰਬੰਧੀ ਉੱਚ ਪ੍ਰਭਾਵਾਂ ਦਾ ਕਾਰਨ ਬਣ ਸਕਦੀਆਂ ਹਨ

"ਕੁਦਰਤ ਵੱਚਿ ਸ਼ਹਰਿ"

ਵੈਨਕੂਵਰ ਦੇ ਵਸਨੀਕ ਲਗਾਤਾਰ ਕਹਂਦੇ ਹਨ ਕਿ ਕੁਦਰਤ, ਦ੍ਰਸ਼ਿ ਅਤੇ ਕੁਦਰਤੀ ਸੁੰਦਰਤਾ ਸ਼ਹਰਿ ਦੀਆਂ ਸਭ ਤੋਂ ਮਹੱਤਵਪੂਰਨ ਵਸ਼ਿੇਸ਼ਤਾਵਾਂ ਵੱਚਿੋਂ ਹਨ। ਇਸ ਵਚਿਾਰ, ਜਸਿ ਨੂੰ ਅਕਸਰ "ਕੁਦਰਤ ਵੱਚਿ ਸ਼ਹਰਿ" ਕਹਿਾ ਜਾਂਦਾ ਹੈ, ਨੇ ਦਹਾਕਆਿਂ ਤੋਂ ਯੋਜਨਾਬੰਦੀ ਦੀਆਂ ਨੀਤੀਆਂ ਨੂੰ ਆਕਾਰ ਦੱਤਿਾ ਹੈ।

ਪਹਾੜਾਂ ਅਤੇ ਪਾਣੀ ਦੇ ਸੁਰੱਖਅਿਤ ਦ੍ਰਸ਼ਿ ਇਸ ਗੱਲ ਦਾ ਕੇਂਦਰ ਹਨ ਕਿ ਵਸਨੀਕ ਅਤੇ ਸੈਲਾਨੀ ਸ਼ਹਰਿ ਨੂੰ ਕਵਿੇਂ ਅਨੁਭਵ ਕਰਦੇ ਹਨ। ਕੁਦਰਤ ਨਾਲ ਇਹ ਸੰਬੰਧ ਨਾ ਸਰਿਫ ਜੀਵਨ ਦੀ ਗੁਣਵੱਤਾ, ਬਲਕਿ ਵੈਨਕੂਵਰ ਦੀ ਵਸ਼ਿਵ-ਵਆਿਪੀ ਪਛਾਣ ਅਤੇ ਲੰਬੇ ਸਮੇਂ ਦੀ ਆਰਥਕਿ ਸਫਲਤਾ ਦਾ ਵੀ ਸਮਰਥਨ ਕਰਦੇ ਹਨ।

ਜਨਤਕ ਦ੍ਰਸ਼ਿ ਨੀਤੀ ਅਤੇ ਉੱਚੀਆਂ ਇਮਾਰਤਾਂ ਬਾਰੇ ਨੀਤੀ

ਵੈਨਕੂਵਰ ਦੋ ਮੁੱਖ ਨੀਤੀਆਂ ਰਾਹੀਂ ਡਾਊਨਟਾਊਨ ਵੱਚਿ ਉੱਚੀਆਂ ਇਮਾਰਤਾਂ ਦਾ ਪ੍ਰਬੰਧਨ ਕਰਦਾ ਹੈ।



CITY OF VANCOUVER | Higher Buildings Policy Review

ਜਨਤਕ ਦ੍ਰਸ਼ਿ ਨੀਤੀ (Public Views Policy) (1989)


ਜਨਤਕ ਦ੍ਰਸ਼ਿ ਨੀਤੀ ਇੱਕ ਸ਼ਹਰਿ-ਵਆਿਪੀ ਨੀਤੀ ਹੈ ਜੋ ਮਹੱਤਵਪੂਰਨ ਜਨਤਕ ਦ੍ਰਸ਼ਿਾਂ ਅਤੇ ਦ੍ਰਸ਼ਿ ਗਲਆਿਰਆਿਂ ਦੀ ਰੱਖਆਿ ਕਰਦੀ ਹੈ ਅਤੇ ਉੱਥੇ ਸੀਮਾਵਾਂ ਲਗਾਉਦੀ ਹੈ ਜੱਥੇ ਇਮਾਰਤਾਂ ਉਹਨਾਂ ਦ੍ਰਸ਼ਿਾਂ ਵੱਚਿ ਦਖ਼ਲ ਦੇ ਸਕਦੀਆਂ ਹਨ।


ਜੁਲਾਈ 2024 ਵੱਚਿ, ਸਟਿੀ ਕਾਉਂਸਲਿ ਨੇ ਜਨਤਕ ਦ੍ਰਸ਼ਿ ਨੀਤੀ ਵੱਚਿ ਤਬਦੀਲੀਆਂ ਨੂੰ ਪ੍ਰਵਾਨਗੀ ਦੱਤੀ, ਤਾਂ ਜੋ ਰਹਣਿਯੋਗਤਾ ਅਤੇ ਟਕਿਾਊਯੋਗਤਾ ਦੇ ਵੱਚਿਾਰਾਂ ਨੂੰ ਸੰਤੁਲਤਿ ਕਰਦੇ ਹੋਏ, ਵਧੇਰੇ ਰਹਿਾਇਸ਼, ਨੌਕਰੀ ਲਈ ਜਗ੍ਹਾ, ਅਤੇ ਹੋਟਲ ਦੇ ਕਮਰਆਿਂ ਨੂੰ ਸਮਰੱਥ ਬਣਾਇਆ ਜਾ ਸਕੇ। ਇਹਨਾਂ ਤਬਦੀਲੀਆਂ ਨੇ ਡਾਊਨਟਾਊਨ ਵੱਚਿ ਪਹਲਿਾਂ ਸੁਰੱਖਅਿਤ ਕੀਤੇ ਦ੍ਰਸ਼ਿ ਗਲਆਿਰਆਿਂ ਤੋਂ ਬਾਹਰ ਵਾਧੂ ਉਚਾਈ ਲਈ ਨਵੇਂ ਮੌਕੇ ਪੈਦਾ ਕੀਤੇ। ਮੌਜੂਦਾ ਸਮੀਖਆਿ ਕਸਿੇ ਵੀ ਸੁਰੱਖਅਿਤ ਕੀਤੇ ਦ੍ਰਸ਼ਿਾਂ ਨੂੰ ਸੰਸ਼ੋਧਤਿ ਨਹੀਂ ਕਰੇਗੀ।

ਉੱਚੀਆਂ ਇਮਾਰਤਾਂ ਬਾਰੇ ਨੀਤੀ (Higher Buildings Policy) (1997)

ਉੱਚੀਆਂ ਇਮਾਰਤਾਂ ਬਾਰੇ ਨੀਤੀ ਨੂੰ ਜਨਤਕ ਦ੍ਰਸ਼ਿ ਨੀਤੀ ਦੇ ਜਵਾਬ ਵੱਚਿ ਤਆਿਰ ਕੀਤਾ ਗਆਿ ਸੀ। ਇਹ ਉਹਨਾਂ ਇਮਾਰਤਾਂ 'ਤੇ ਲਾਗੂ ਹੁੰਦੀ ਹੈ ਜੋ ਡਾਊਨਟਾਊਨ ਵੈਨਕੂਵਰ ਵੱਚਿ ਆਪਣੀ ਜ਼ੋਨਬੱਧ (ਇਜਾਜ਼ਤ ਦੱਤੀ) ਉਚਾਈ ਤੋਂ ਕਾਫ਼ੀ ਜ਼ਆਿਦਾ ਉੱਚੀਆਂ ਹਨ।

ਇਹ ਨੀਤੀ ਮੁੱਖ ਸਥਾਨਾਂ 'ਤੇ ਧਆਿਨ ਕੇਂਦ੍ਰਤਿ ਕਰਦੀ ਹੈ ਜਵਿੇਂ ਕਿ ਡਾਊਨਟਾਊਨ ਦੀਆਂ ਮੁੱਖ ਸੜਕਾਂ ਅਤੇ ਬ੍ਰਜਿ ਗੇਟਵੇਅ, ਜਸਿ ਵੱਚਿ ਸਭ ਤੋਂ ਉੱਚੀਆਂ ਇਮਾਰਤਾਂ ਨੂੰ ਸੈਂਟਰਲ ਬਜ਼ਿਨਸ ਡਸਿਟ੍ਰਕਿਟ ਵੱਚਿ ਰੱਖ ਕੇ (ਨੀਤੀ ਦੇ ਭੂਗੋਲ ਲਈ ਹੇਠਾਂ ਦੇਖੋ) ਗੁੰਬਦ ਦੇ ਆਕਾਰ ਦੀ ਦੰਸਿਹੱਦਾ (ਸਕਾਈਲਾਈਨ) ਬਣਦੀ ਹੈ। ਇਸ ਵੱਚਿ ਡਜ਼ਿਾਈਨ, ਜਨਤਕ ਲਾਭਾਂ, ਵਰਿਾਸਤ ਦੀ ਸੰਭਾਲ, ਟਕਿਾਊਯੋਗਤਾ ਪ੍ਰਦਰਸ਼ਨ, ਜਲਵਾਯੂ ਸੰਬੰਧੀ ਵਚਿਾਰ (ਜਵਿੇਂ ਕਿ, ਹਵਾ ਅਤੇ ਪਰਛਾਵੇਂ) ਬਾਰੇ ਮਾਰਗਦਰਸ਼ਨ ਸ਼ਾਮਲ ਹੈ, ਅਤੇ ਇਹ ਸਮੀਖਆਿ ਲਈ ਬਹਿਤਰ ਬਣਾਈ ਗਈ ਪ੍ਰਕਰਿਆਿ ਦੀ ਰੂਪਰੇਖਾ ਦੱਦੀ ਹੈ।





1997 ਤੋਂ, ਇਸ ਨੀਤੀ ਰਾਹੀਂ ਸਰਿਫ ਛੇ ਇਮਾਰਤਾਂ ਨੂੰ ਪੂਰਾ ਕੀਤਾ ਗਆਿ ਹੈ।



2009
Living Shangri-la



2016
Paradox



2020
Vancouver House



2022
One Burrard Place



2023
The Stack



2024
Butterfly

CITY OF VANCOUVER | Higher Buildings Policy Review

ਸ਼ਹਰਿ ਵੱਚਿ ਉਚਾਈ ‘ਤੇ ਵਚਿਾਰ ਕਰਨਾ

ਇਮਾਰਤ ਦੀ ਉਚਾਈ ਇੱਕ ਕਾਰਕ ਦੁਆਰਾ ਨਰਿਧਾਰਤ ਨਹੀਂ ਕੀਤੀ ਜਾਂਦੀ। ਇਸਦੀ ਬਜਾਏ, ਇਹ ਤੰਨਿ ਆਪਸ ਵੱਚਿ ਜੁੜੇ ਵਚਿਾਰਾਂ ਦੇ ਸੰਤੁਲਨ ਨੂੰ ਦਰਸਾਉਂਦੀ ਹੈ: ਤਕਨੀਕੀ, ਵੱਤਿੀ ਅਤੇ ਸਮਾਜਕਿ। ਅੰਤ ਵੱਚਿ, ਜਨਤਕ ਰਾਏ ਦੁਆਰਾ ਆਕਾਰ ਦੱਤਿੀ ਗਈ, ਕਾਉਂਸਲਿ ਦੁਆਰਾ ਪ੍ਰਵਾਨਤਿ ਨੀਤੀ, ਇਹ ਨਰਿਧਾਰਤ ਕਰਦੀ ਹੈ ਕ ਿਵੱਖ-ਵੱਖ ਖੇਤਰਾਂ ਵੱਚਿ ਉਚਾਈ ਦਾ ਕਹਿੜਾ ਪੱਧਰ ਸਵੀਕਾਰਯੋਗ ਹੈ।

ਤਕਨੀਕੀ ਵਚਿਾਰ

ਤੁਕਨੀਕੀ ਵਚਿਾਰ ਇਸ ਗੱਲ ਵੱਲ ਧਆਿਨ ਦੰਦੇ ਹਨ ਕ ਿਸੁਰੱਖਅਿਤ ਤੌਰ ‘ਤੇ ਅਤੇ ਕੁਸ਼ਲਤਾ ਨਾਲ ਕੀ ਬਣਾਇਆ ਜਾ ਸਕਦਾ ਹੈ। ਇਹਨਾਂ ਵੱਚਿ ਭੂਚਾਲ ਸੰਬੰਧੀ ਲੋੜਾਂ, ਮੱਟਿੀ ਦੇ ਹਾਲਾਤ, ਹਵਾ, ਟਾਵਰ ਅਨੁਪਾਤ, ਐਲੀਵੇਟਰ ਪ੍ਰਣਾਲੀਆਂ, ਅਤੇ ਆਲੇ-ਦੁਆਲੇ ਦੇ ਬੁਨਆਿਦੀ ਢਾਂਚੇ ਦੀ ਸਮਰੱਥਾ ਜਵਿੇਂ ਕ ਿਪਾਣੀ ਦਾ ਦਬਾਅ, ਆਵਾਜਾਈ ਨੈੱਟਵਰਕ, ਅਤੇ ਐਮਰਜੈਂਸੀ ਸੇਵਾਵਾਂ ਸ਼ਾਮਲ ਹਨ।

ਇਮਾਰਤ ਦੀ ਉਚਾਈ ਦੀਆਂ ਭੌਤਕਿ ਸੀਮਾਵਾਂ ਨੂੰ ਸਮਝਣ ਲਈ, ਸਟਿੀ ਨੇ ਇੱਕ ਅੰਤਰਰਾਸ਼ਟਰੀ ਆਰਕੀਟੈਕਚਰ ਫਰਮ ਨੂੰ ਕੰਮ ‘ਤੇ ਰੱਖਆਿ ਜਸਿ ਕੋਲ ਉੱਚੀਆਂ ਇਮਾਰਤਾਂ ਨੂੰ ਡਜ਼ਿਾਈਨ ਕਰਨ ਦਾ ਵਆਿਪਕ ਤਜ਼ਰਬਾ ਹੈ।

ਤਕਨੀਕੀ ਅਧਐਿਨ ਵੱਚਿ ਕੀ ਪਤਾ ਲੱਗਾ

- ਆਧੁਨਕਿ ਇੰਜੀਨਅਿਰੰਗ ਨਾਲ ਇਮਾਰਤਾਂ ਨੂੰ ਬੀਤੇ ਸਮੇਂ ਦੇ ਮੁਕਾਬਲੇ ਕਾਫੀ ਉੱਚਾ ਬਣਾਇਆ ਜਾ ਸਕਦਾ ਹੈ
- ਕੋਈ ਇਮਾਰਤ ਕੰਿਨੀ ਉੱਚੀ ਹੋ ਸਕਦੀ ਹੈ ਇਹ ਇਮਾਰਤ ਦੀ ਇਰਾਦਤਨ ਵਰਤੋਂ (ਦਫ਼ਤਰ, ਹੋਟਲ, ਰਹਾਇਸ਼, ਆਦ)ਿ ‘ਤੇ ਨਰਿਭਰ ਕਰਦਾ ਹੈ



ਵੱਤਿੀ ਵਚਿਾਰ

ਵੱਤਿੀ ਵਚਿਾਰ ਇਸ ਗੱਲ ਨੂੰ ਪ੍ਰਭਾਵਤਿ ਕਰਦੇ ਹਨ ਕ ਿਆਰਥਕਿ ਤੌਰ ‘ਤੇ ਕੀ ਸੰਭਵ ਹੈ। ਉੱਚੀਆਂ ਇਮਾਰਤਾਂ ਦਾ ਨਰਿਮਾਣ ਵਧੇਰੇ ਗੁੰਝਲਦਾਰ ਅਤੇ ਮਹੰਿਗਾ ਹੁੰਦਾ ਹੈ। ਜਵਿੇਂ-ਜਵਿੇਂ ਉਚਾਈ ਵੱਧਦੀ ਹੈ, ਢਾਂਚਆਿਂ ਨੂੰ ਮਜ਼ਬੂਤ ਪ੍ਰਣਾਲੀਆਂ, ਡੂੰਘੀਆਂ ਨੀਹਾਂ, ਵਾਧੂ ਐਲੀਵੇਟਰਾਂ, ਉਸਾਰੀ ਦੀਆਂ ਲੰਮੀਆਂ ਸਮਾਂ-ਸੀਮਾਵਾਂ, ਅਤੇ ਉੱਚ ਪੱਧਰ ਦੀ ਫਾਇਨਾਂਸਿੰਗ ਅਤੇ ਜੋਖਮ ਦੀ ਲੋੜ ਹੁੰਦੀ ਹੈ।

ਸਟਿੀ ਨੇ ਇਹ ਵੀ ਅਧਐਿਨ ਕੀਤਾ ਕ ਿਕੀ ਵੈਨਕੂਵਰ ਵੱਚਿ ਬਹੁਤ ਉੱਚੀਆਂ ਇਮਾਰਤਾਂ ਵੱਤਿੀ ਤੌਰ ‘ਤੇ ਵਹਾਰਕ ਹਨ।

ਵੱਤਿੀ ਅਧਐਿਨ ਵੱਚਿ ਕੀ ਪਤਾ ਲੱਗਾ

- ਉੱਚੀਆਂ ਇਮਾਰਤਾਂ ਜ਼ਮੀਨ ਦੇ ਮੁੱਲ ਨੂੰ ਵਧਾ ਸਕਦੀਆਂ ਹਨ, ਖਾਸ ਕਰਕੇ ਜਦੋਂ ਉਹਨਾਂ ਵੱਚਿ ਰਹਾਇਸ਼ ਸ਼ਾਮਲ ਹੋਵੇ
- ਉੱਚੀਆਂ ਮੰਜ਼ਲਿਾਂ ‘ਤੇ ਘਰ ਅਕਸਰ ਜ਼ਆਿਦਾ ਮੁੱਲ ਵੱਚਿ ਵਕਿਦੇ ਹਨ, ਜਸਿ ਨਾਲ ਜਨਤਕ ਲਾਭਾਂ ਲਈ ਫੰਡ ਦੇਣ ਵੱਚਿ ਮਦਦ ਮਲਿ ਸਕਦੀ ਹੈ

ਜਵਿੇਂ-ਜਵਿੇਂ ਇਮਾਰਤਾਂ ਬਹੁਤ ਉੱਚੀਆਂ ਹੋ ਜਾਂਦੀਆਂ ਹਨ:

- ਉਸਾਰੀ ਦੀਆਂ ਲਾਗਤਾਂ ਤੇਜ਼ੀ ਨਾਲ ਵੱਧ ਜਾਂਦੀਆਂ ਹਨ
- ਪ੍ਰਰੋਜੈਕਟਾਂ ਵੱਚਿ ਜ਼ਆਿਦਾ ਸਮਾਂ ਲੱਗਦਾ ਹੈ ਅਤੇ ਇਹ ਜੋਖਮ ਭਰੇ ਹੋ ਜਾਂਦੇ ਹਨ
- ਫਲੋਰ ਲੇਆਉਟ ਘੱਟ ਕੁਸ਼ਲ ਬਣ ਜਾਂਦੇ ਹਨ
- ਪ੍ਰਰੋਜੈਕਟ ਦੀ ਵਹਾਰਕਤਾ ਬਹੁਤ ਉੱਚੀਆਂ ਵਕਿਰੀ ਕੀਮਤਾਂ ਅਤੇ ਮਜ਼ਬੂਤ ਮਾਰਕੀਟ ਹਾਲਾਤ ‘ਤੇ ਨਰਿਭਰ ਕਰਦੀ ਹੈ

ਕੁਝ ਮਾਮਲਆਿਂ ਵੱਚਿ, ਦਰਮਆਿਨੀਆਂ ਉੱਚੀਆਂ ਇਮਾਰਤਾਂ ਵੀ ਬਹੁਤ ਜ਼ਆਿਦਾ ਉੱਚੀਆਂ ਇਮਾਰਤਾਂ ਦੇ ਬਰਾਬਰ ਜਨਤਕ ਲਾਭ ਪ੍ਰਦਾਨ ਕਰ ਸਕਦੀਆਂ ਹਨ।

ਮਸ਼ਿਰਤਿ-ਵਰਤੋਂ ਵਾਲੀਆਂ ਇਮਾਰਤਾਂ (ਜਨਿ੍ਹਾਂ ਵੱਚਿ ਨੌਕਰੀਆਂ ਅਤੇ ਰਹਾਇਸ਼ ਦੋਵੇਂ ਹਨ):

- ਵੱਤਿੀ ਤੌਰ ‘ਤੇ ਵਧੇਰੇ ਸਥਰਿ ਹੋ ਸਕਦੀਆਂ ਹਨ
- ਲਾਭ ਦੇਣ ਦੇ ਬਹਿਤਰ ਸਮਰੱਥ ਹੋ ਸਕਦੀਆਂ ਹਨ
- ਸੰਗਿਲ-ਯੂਜ਼ ਟਾਵਰਾਂ ਨਾਲੋਂ ਘੱਟ ਜੋਖਮ ਵਾਲੀਆਂ ਹੋ ਸਕਦੀਆਂ ਹਨ

ਸਮਾਜਕਿ ਵਚਿਾਰ

ਸਮਾਜਕਿ ਵਚਿਾਰ ਭਾਈਚਾਰਕ ਕਦਰਾਂ-ਕੀਮਤਾਂ ਅਤੇ ਜਨਤਕ ਤਰਜੀਹਾਂ ਨੂੰ ਦਰਸਾਉਂਦੇ ਹਨ। ਵਸਨੀਕ ਇਸ ਗੱਲ ਦੀ ਬਹੁਤ ਜ਼ਆਿਦਾ ਪਰਵਾਹ ਕਰਦੇ ਹਨ ਕ ਿਵਕਿਾਸ ਉਹਨਾਂ ਦੇ ਆਂਢ-ਗੁਆਂਢ, ਜਨਤਕ ਥਾਵਾਂ, ਅਤੇ ਸਥਾਨ ਦੀ ਭਾਵਨਾ ਨੂੰ ਕਵਿੇਂ ਪ੍ਰਭਾਵਤਿ ਕਰਦਾ ਹੈ।

ਜਨਤਕ ਸਮਰਥਨ, ਸ਼ਹਰਿ ਦੀ ਪਛਾਣ, ਅਤੇ ਭਾਈਚਾਰਕ ਲਾਭਾਂ ਲਈ

ਉਮੀਦਾਂ, ਇਹ ਸਭ ਇਸ ਗੱਲ ਨੂੰ ਪ੍ਰਭਾਵਤਿ ਕਰਦੇ ਹਨ ਕ ਿਕੋਈ ਭਾਈਚਾਰਾ ਇਮਾਰਤ ਦੀ ਕੰਿਨੀ ਉਚਾਈ ਦਾ ਸਮਰਥਨ ਕਰਨ ਵੱਿਚ ਸਹਜਿ ਹੈ।

ਵਰਤਮਾਨ ਸ਼ਮੂਲੀਅਤ ਅਤੇ ਸਮਾਜਕਿ ਵਚਿਾਰ

ਸਟਿੀ ਨੇ ਵਰਤਮਾਨ ਸ਼ਮੂਲੀਅਤ ਇਸ ਲਈ ਸ਼ੁਰੂ ਕੀਤੀ ਹੈ ਤਾਂ ਜੋ ਭਾਈਚਾਰਕ ਦ੍ਰਸ਼ਿਟੀਕੋਣਾਂ ਨੂੰ ਬਹਿਤਰ ਤਰੀਕੇ ਨਾਲ ਸਮਝਿਆ ਜਾ ਸਕੇ ਅਤੇ ਇਹ ਪੁੱਛਿਆ ਜਾ ਸਕੇ ਕ ਿਕੀ ਨੀਤੀ ਬਣਾਉਣ ਵੇਲੇ ਨਰਿਧਾਰਤ ਸੀਮਾਵਾਂ ਅੱਜ ਵੀ ਉਚਤਿ ਹਨ ਜਾਂ ਨਹੀਂ, ਅਤੇ ਜੇ ਨਹੀਂ, ਤਾਂ ਉਹਨਾਂ ਨੂੰ ਅਜਹਿ ਤਰੀਕੇ ਨਾਲ ਕਵਿੇਂ ਵਕਿਸਤਿ ਕੀਤਾ ਜਾਣਾ ਚਾਹੀਦਾ ਹੈ ਜੋ ਉਹਨਾਂ ਗੱਲਾਂ ਨੂੰ ਦਰਸਾਏ ਜਨ੍ਹਿਾਂ ਦੀ ਲੋਕ ਸਭ ਤੋਂ ਵੱਧ ਪਰਵਾਹ ਕਰਦੇ ਹਨ।

ਅਸੀਂ ਲੋਕਾਂ ਨੂੰ ਇਸ ਬਾਰੇ ਆਪਣੇ ਵਚਿਾਰ ਸਾਂਝੇ ਕਰਨ ਲਈ ਸੱਦਾ ਦੇ ਰਹੇ ਹਾਂ:

- ਉੱਚੀਆਂ ਇਮਾਰਤਾਂ ਦੀਂਸਹੱਦਾ (ਸਕਾਈਲਾਈਨ) ਅਤੇ ਸੜਕ ਦੇ ਪੱਧਰ ਨੂੰ ਕਵਿੇਂ ਪ੍ਰਭਾਵਤਿ ਕਰਦੀਆਂ ਹਨ
- ਕੰਿਥੇ ਵਾਧੂ ਉਚਾਈ ਸ਼ਾਇਦ ਵਹਿਾਰਕ ਹੋ ਸਕਦੀ ਹੈ ਜਾਂ ਨਹੀਂ
- ਵਾਧੂ ਉਚਾਈ ਦੇ ਨਾਲ ਕਹਿੜੇ ਜਨਤਕ ਲਾਭ ਆਉਣੇ ਚਾਹੀਦੇ ਹਨ
- "ਵੈਨਕੂਵਰ-ਲਈ-ਬਣਾਇਆ" ਤਰੀਕਾਕਹਿੋ ਜਹਿਾ ਦਖਿਾਈ ਦੰਿਦਾ ਹੈ

ਅਗਲੇ ਕਦਮ

ਜਨਤਕ ਰਾਏ ਇਹਨਾਂ ਵੱਿਚ ਮਦਦ ਕਰੇਗੀ:

- ਵੈਨਕੂਵਰ ਵੱਿਚ ਉੱਚੀਆਂ ਇਮਾਰਤਾਂ ਵਕਿਸਤਿ ਕਰਨ ਦੇ ਬਹਿਤਰੀਨ ਤਰੀਕੇ ਬਾਰੇ ਵਚਿਾਰ ਇਕੱਠੇ ਕਰਨ ਲਈ ਇੱਕ ਅੰਤਰਰਾਸ਼ਟਰੀ ਵਚਿਾਰ ਮੁਕਾਬਲੇ ਵਾਸਤੇ ਡਜ਼ਿਾਈਨ ਬਉਿਰਾ ਤਆਿਰ ਕਰਨਾ (1 ਜੂਨ ਤੋਂ ਸ਼ੁਰੂ)
- ਭਵੱਿਖ ਦੇ ਨੀਤੀ ਵਕਿਲਪਾਂ ਲਈ ਜਾਣਕਾਰੀ ਲੈਣੀ ਜੋ 2027 ਵੱਿਚ ਜਨਤਾ ਨਾਲ ਸਾਂਝੇ ਕੀਤੇ ਜਾਣਗੇ
- ਡਾਊਨਟਾਊਨ ਵੱਿਚ ਉੱਚੀਆਂ ਇਮਾਰਤਾਂ ਦੇ ਭਵੱਿਖ ਬਾਰੇ ਕਾਉਂਸਲਿ ਦੇ ਫੈਸਲਆਿਂ ਵੱਿਚ ਸਹਾਇਤਾ ਕਰਨੀ

ਸ਼ਾਮਲ ਹੋਣ ਦਾ ਤਰੀਕਾ:

ਵੈਨਕੂਵਰ ਸਟਿੀ ਵੈਨਕੂਵਰ ਵੱਿਚ ਉੱਚੀਆਂ ਇਮਾਰਤਾਂ ਦੇ ਇਤਹਿਾਸ ਅਤੇ ਭਵੱਿਖ ਦੀ ਪੜਚੋਲ ਕਰਨ ਲਈ 1 ਤੋਂ 10 ਮਈ ਦੇ ਵਚਿਕਾਰ ਵੈਨਕੂਵਰ ਲੁੱਕਆਊਟ ਵਖਿੇ ਨਰਿੀਖਣ ਡੈੱਕ 'ਤੇ ਇੱਕ ਪ੍ਰਦਰਸ਼ਨੀ ਆਯੋਜਤਿ ਕਰ ਰਹਿਾ ਹੈ। ਤੁਸੀਂ:

ਪ੍ਰਦਰਸ਼ਨੀ ਵੱਿਚ ਆ ਸਕਦੇ ਹੋ: ਜਹਿੜੇ ਬੀਸੀ ਨਵਿਾਸੀਆਂ ਕੋਲ ਰਹਿਾਇਸ਼ ਦਾ ਸਬੂਤ ਹੈ ਉਹ ਹੇਠ ਲਖਿੀਆਂ ਤਾਰੀਖਾਂ ਅਤੇ ਸਮੇਂ 'ਤੇ ਮੁਫ਼ਤ ਆ ਸਕਦੇ ਹਨ:

- ਐਤਵਾਰ, 3 ਮਈ, ਦੁਪਹਰਿ ਬਾਅਦ 2 ਤੋਂ ਸ਼ਾਮ 6 ਵਜੇ
- ਬੁੱਧਵਾਰ, 6 ਮਈ, ਸ਼ਾਮ 6 ਤੋਂ 9 ਵਜੇ
- ਸ਼ਨੀਵਾਰ, 9 ਮਈ, ਸਵੇਰੇ 10 ਤੋਂ ਸ਼ਾਮ 6 ਵਜੇ

ਔਨਲਾਈਨ ਸਰਵੇਖਣ ਪੂਰਾ ਕਰੋ ਜੋ ਐਤਵਾਰ, 31 ਮਈ ਤੱਕ ਖੁੱਲ੍ਹਾ ਹੈ (ਸਰਵੇਖਣ ਕਈ ਭਾਸ਼ਾਵਾਂ ਵੱਿਚ ਉਪਲਬਧ ਹੈ) :

CITY OF VANCOUVER | Higher Buildings Policy Review